# ਦਿਲ ਦੇ ਵਰਕੇ




ਮ ਨ ਦੀ ਪ

# ਦਿਲ ਦੇ ਵਰਕੇ

## ਮਨਦੀਪ

# DIL DE VARKE@MANDEEP

**ISBN XXXXXX**

**31-3-2025**

**CREATED AND PUBLISHED BY MANDEEP**

**FROM VILLAGE SEHNA DISTT BARNALA PUNJAB**

**PDF EDITOR MANDEEP**

**PROOF READER MANDEEP**

**SPECIAL THANKS WAHEGURU JI**

**@COPYRIGHT2025**

**All rights are reserved, there is no alow to anyone to modify and re use of my poetry without my permissions.**

# ਭੂਮਿਕਾ

ਮੈ ਮਨਦੀਪ ਇਹ ਪੁਸਤਕ ਨੂੰ ਪਬਲਿਸ਼ ਕਰ ਕੇ ਬਹੁਤ ਹੀ ਖੁਸ਼ੀ ਮਹਿਸੂਸ ਕਰ ਰਿਹਾ ਹਾਂ। ਇਹ ਮੇਰੀ ਪਹਿਲੀ ਕਿਤਾਬ ਹੈ ਅਤੇ ਮੈ ਇਸ ਨੂੰ ਲਿਖਣ ਲਈ ਬਹੁਤ ਹੀ ਮਿਹਨਤ ਕੀਤੀ, ਬਹੁਤ ਕੁੱਛ ਪੜਿਆ ਲਿਖਿਆ। ਮੈ ਇਸ ਨੂੰ ਲਿਖਣ ਲੱਗੇ ਬਹੁਤ ਸਾਰੇ ਸਰੋਤਾਂ ਤੋ ਜਾਣਕਾਰੀ ਲਈ ਖਾਸ ਕਰਕੇ ਗੂਗਲ ਤੋ। ਮੈ ਇਸ ਨੂੰ ਲਿਖਣ ਲੱਗੇ ਕਿਸੇ ਪਾਸੋ ਵੀ ਕੋਈ ਘਾਟ ਨਹੀ ਛੱਡੀ। ਇਸ ਕਿਤਾਬ ਨੂੰ ਲਿਖਣ ਲਈ ਮੈ ਆਪਣਾ ਦਿਨ ਰਾਤ ਇੱਕ ਕੀਤਾ ਤਾ ਹੀ ਇਹ ਕਈ ਮਹੀਨਿਆ ਦੀ ਸਖਤ ਮਿਹਨਤ ਅਤੇ ਉਸ ਸੱਚੇ ਪਿਤਾ ਵਾਹਿਗੁਰੂ ਦੀ ਮਿਹਰ ਸਦਕਾ ਤੁਹਾਡੇ ਸਾਹਮਣੇ ਹਾਜਰ ਹੈ। ਉਮੀਦ ਹੈ ਕਿ ਇਹ ਤੁਹਾਨੂੰ ਵੀ ਪਸੰਦ ਆਵੇਗੀ। ਜੇਕਰ ਕੋਈ ਵੀ ਗਲਤੀ ਰਹਿ ਗਈ ਹੋਵੇ ਤਾਂ ਨਾਸਮਜ ਜਾਣ ਕੇ ਮੁਆਫ ਕਰਿਉ। ਇਹ ਮੇਰੀ ਪਹਿਲੀ ਕਿਤਾਬ ਹੈ ਅਤੇ ਮੈਨੂੰ ਕਿਤਾਬ ਲਿਖਣ ਕਰਨ ਬਾਰੇ ਕੋਈ ਬਹੁਤੀ ਜਾਣਕਾਰੀ ਵੀ ਨਹੀ ਹੈ ਜੀ ਧੰਨਵਾਦ।

ਆਪ ਜੀ ਸੁਭਚਿੰਤਕ

ਮਨਦੀਪ

# ਸਮਰਪਿਤ

## ਇਹ ਕਿਤਾਬ ਸਮਰਪਿਤ ਹੈ ਮੇਰੀ ਨਾਨੀ ਜੀ ਅਤੇ ਮੇਰੇ ਮਾਮਾ ਜੀ ਨੂੰ ਜਿਨਾਂ ਤੋ ਮੈ ਜਿੰਦਗੀ ਜਿਉਣੀ ਸਿੱਖੀ।

# ਦਿਲ ਦਾ ਹਾਣੀ

ਦਿਲ ਮੇਰੇ ਦਾ ਹਾਣੀ ਤੂੰ ਏ
ਮੇਰੀ ਅਦਬ ਕਹਾਣੀ ਤੂੰ ਏ

ਤੇਰੇ ਪਿੱਛੇ ਪਾਗਲ ਹੋਈ
ਮੈ ਹਾ ਮਛਲੀ ਪਾਣੀ ਤੂੰ ਏ

ਐਨਿਆ ਵਿੱਚੋ ਹਾਣ ਦਿਆ ਵੇ
ਮੇਰੀ ਰਮਜ ਪਛਾਣੀ ਤੂੰ ਏ

ਮੇਰੇ ਦਿਲ ਤੇ ਪਿਆਰ ਦੀ ਚਾਦਰ
ਸੋਹਣਿਆ ਸੱਜਣਾ ਤਾਣੀ ਤੂੰ ਏ

ਦਿਲ ਮੇਰੇ ਦਾ ਹਾਣੀ ਤੂੰ ਏ
ਮੇਰੀ ਅਦਬ ਕਹਾਣੀ ਤੂੰ ਏ

*****

# ਸੁਰੂਆਤ

ਤੇਰੇ ਤੇ ਹੀ ਖਤਮ ਚੰਨਾ
ਹੈ ਤੇਰੇ ਤੋਂ ਸ਼ੁਰੂਆਤ ਹੋਈ

ਤੇਰੇ ਨਾਲ ਹੀ ਦਿਨ ਚੜਿਆ
ਸੀ ਪਹਿਲਾਂ ਕਾਲੀ ਰਾਤ ਹੋਈ

ਤੂੰ ਆਇਆ ਮੇਰੀ ਜਿੰਦਗੀ ਵਿੱਚ
ਇਹ ਸਭ ਤੋ ਵੱਡੀ ਸੁਗਾਤ ਹੋਈ

ਕੱਖ ਤੋਂ ਲੱਖ ਤੇ ਲੱਖ ਕਰੋੜ
ਮੇਰੀ ਤੇਰੇ ਨਾਲ ਔਕਾਤ ਹੋਈ

ਤੇਰੇ ਛੂਹਣ ਨਾ ਸੋਨਾ ਬਣ ਗਈ ਮੈ
ਤੇ ਪਾਰਸ ਮੇਰੀ ਜਾਤ ਹੋਈ

ਤੇਰੇ ਤੇ ਹੀ ਖਤਮ ਚੰਨਾ
ਹੈ ਤੇਰੇ ਤੋਂ ਸ਼ੁਰੂਆਤ ਹੋਈ

*****

# ਗੁਜਾਰਾ ਨਈ ਹੋਣਾ

ਦਿਲ ਦੇ ਵਿੱਚ ਤੂੰ ਰਚ ਗਿਆ ਏਂ ਸੱਜਣਾ ਵੇ
ਤੇਰੇ ਤੋ ਬਿਨ ਹੁਣ ਗੁਜਾਰਾ ਨਈ ਹੋਣਾ

ਪਹਿਲਾ ਆਖਰੀ ਪਿਆਰ ਤੈਨੂੰ ਹੀ ਹੋਇਆ ਏ
ਹੋਰ ਕਿਸੇ ਨੂੰ ਪਿਆਰ ਦੁਬਾਰਾ ਨਈ ਹੋਣਾ

ਬਿਨ ਤੇਰੇ ਮੈ ਡੁੱਬਜੂੰ ਇਸ਼ਕ ਸਮੁੰਦਰ ਵਿੱਚ
ਤੇਰੇ ਤੋ ਬਿਨ ਹੋਰ ਕਿਨਾਰਾ ਨਈ ਹੋਣਾ

ਤੂੰ ਹੀ ਮੈਨੂੰ ਪਾਰ ਲਗਾ ਦੇ ਅੜਿਆ ਵੇ
ਤੇਰੇ ਤੋ ਬਿਨ ਪਾਰ ਉਤਾਰਾ ਨਈ ਹੋਣਾ

ਹਰ ਪਲ ਮੇਰਾ ਤੂੰ ਹੀ ਇੱਕ ਸਹਾਰਾ ਏ
ਕੋਈ ਤੇਰੇ ਤੋ ਬਿਨ ਹੋਰ ਸਹਾਰਾ ਨਈ ਹੋਣਾ

ਕਰੇ ਪਿਆਰ ਜੋ ਮੇਰੇ ਵਾਂਗੂੰ ਸੱਜਣ ਨੂੰ
ਐਸਾ ਵੀ ਕੋਈ ਆਪ ਮੁਹਾਰਾ ਨਈ ਹੋਣਾ

*****

# ਪਿਆਰ

ਪਿਆਰ ਤਾਂ ਸੱਜਣਾ ਪਿਆਰ ਹੁੰਦਾ
ਰੂਹਾਂ ਦਾ ਇਕਰਾਰ ਹੁੰਦਾ

ਪਿਆਰਾ ਦੇ ਵਿੱਚ ਸੱਜਣਾ ਵੇ
ਵਿਛੋੜਾ ਕਿੱਥੋ ਸਹਾਰ ਹੁੰਦਾ

ਜਿਸਮਾ ਜੁਸਮਾ ਦੀ ਹੱਦ ਟੱਪ ਕੇ
ਰਹਾਂ ਤੋ ਵੀ ਪਾਰ ਹੁੰਦਾ

ਯਾਰ ਰੱਬ  ਰੱਬ ਯਾਰ ਹੁੰਦਾ
ਯਾਰ ਤੋ ਸਭ ਕੁੱਝ ਵਾਰ ਹੁੰਦਾ

ਸੁੱਤੇ ਬੈਠੇ ਜਾਗਦੇ ਉੱਠਦੇ
ਹਰ ਪਲ ਚੇਰੇ ਪਿਆਰ ਹੁੰਦਾ

ਪਿਆਰ ਤਾਂ ਸੱਜਣਾ ਪਿਆਰ ਹੁੰਦਾ
ਰੂਹਾਂ ਦਾ ਇਕਰਾਰ ਹੁੰਦਾ

*****

# ਕੁੜੀਏ

ਕਾਹਦੀ ਗਈ ਤੂੰ ਖਹਿ ਕੁੜੀਏ
ਮੇਰਾ ਚੈਨ ਵੈਨ ਗਈ ਲੈ ਕੁੜੀਏ

ਤੇਰੇ ਨਾਵੇ ਕਰਤਾ ਦਿਲ ਮੈ
ਉਮਰਾਂ ਦੇ ਲਈ ਬੈਅ ਕੁੜੀਏ

ਸੁਣ ਕੁੱਝ ਮੇਰੇ ਦਿਲ ਦੀ ਤੂੰ
ਤੇ ਆਪਣੇ ਦਿਲ ਦੀ ਕਹਿ ਕੁੜੀਏ

ਅੱਖਾਂ ਵਿੱਚ ਪਾ ਕੇ ਅੱਖਾਂ ਤੂੰ
ਦੋ ਪਲ ਕੋਲ ਤੂੰ ਬਹਿ ਕੁੜੀਏ

ਤੇਰੇ ਉੱਤੋ ਵਾਰ ਦੇਊ ਮੈ
ਦੁਨੀਆ ਦੀ ਹਰ ਸ਼ਹਿ ਕੁੜੀਏ

ਤੇਰੀ ਤਾਂ ਹਰ ਫਿਕਰ ਮੈਨੂੰ
ਨਾ ਦੁਨੀਆ ਦਾ ਕੋਈ ਭੈਅ ਕੁੜੀਏ

*****

# ਕੱਕੇ ਵਾਲ

ਕੱਕੇ ਕੱਕੇ ਵਾਲ ਨੇ ਤੇਰੇ
ਕਿੱਨੇ ਚੰਗੇ ਹਾਲ ਨੇ ਤੇਰੇ

ਫੁੱਲਾਂ ਵਾਗੂੰ ਖਿਲ ਖਿਲ ਜਾਂਦੇ
ਹਾਸੇ ਕਿੱਨੇ ਕਮਾਲ ਨੇ ਤੇਰੇ

ਗੰਗਾ ਜਲ ਦੇ ਵਾਂਗ ਪਵਿੱਤਰ
ਸੱਚੇ ਸੁੱਚੇ ਖਿਆਲ ਨੇ ਤੇਰੇ

ਮਾਤਾਂ ਪਾਉਦੇ ਨੇ ਪਰੀਆਂ ਨੂੰ
ਨੈਣ ਵੀ ਬਾ ਕਮਾਲ ਨੇ ਤੇਰੇ

ਮਦਹੋਸ਼ ਨੇ ਮੈਨੂੰ ਕਰ ਦਿੰਦੇ ਨੀ
ਜੋ ਜੁਲਫਾਂ ਦੇ ਜਾਲ ਨੇ ਤੇਰੇ

ਇਹ ਸ਼ਾਯਰ ਦੇ ਬਾਰੇ ਦੱਸਦੇ
ਕੀ ਨੇ ਕੁੜੇ ਖਿਆਲ ਨੇ ਤੇਰੇ

*****

## ਚਾਰ ਚੁਫੇਰਾ

ਚਾਰ ਚੁਫੇਰਾ ਮਹਿਕਣ ਲੱਗਿਆ
ਮੇਰਾ ਮਨ ਵੀ ਚਹਿਕਣ ਲੱਗਿਆ
ਦਿਲ ਤੱਤੜੀ ਦਾ ਸਹਿਕਣ ਲੱਗਿਆ
ਚਿਹਰਾ ਚਮਕਣ ਚਹਿਕਣ ਲੱਗਿਆ
ਜੁਗਨੂੰਆ ਵਾਗੂੰ ਟਹਿਕਣ ਲੱਗਿਆ

*****

## ਸੋਹਣਾ

ਤੂੰ ਸੋਹਣਾ ਤੇਰਾ ਨਾਂ ਸੋਹਣਾ
ਤੇਰਾ ਸ਼ਹਿਰ ਗਰਾਂ ਸੋਹਣਾ
ਤੇਰਾ ਦਿਲ ਸੋਹਣਾ ਠੋਡੀ ਤਿਲ ਸੋਹਣਾ
ਮਨ ਵੇਖ ਕੇ ਜਾਦਾਂ ਤੈਨੂੰ ਖਿਲ ਸੋਹਣਾ
ਤੇਰਾ ਹਾਸਾ ਸੋਹਣਾ ਤੇ ਦੰਦਾਸਾ ਸੋਹਣਾ
ਜਿਹਣਾ ਖੁੱਲ ਕੇ ਹੱਸਦਾ ਏ ਹਾਸਾ ਸੋਹਣਾ

*****

# ਇਸ਼ਕ

ਕਿਸੇ ਨੂੰ ਹਸਾਉਦਾ ਹੈ ਇਸ਼ਕ
ਕਿਸੇ ਨੂੰ ਰਵਾਉਦਾ ਹੈ ਇਸ਼ਕ

ਕਿਸੇ ਨੂੰ ਜਿੱਤਾ ਦਿੰਦਾ
ਕਿਸੇ ਨੂੰ ਹਰਾਉਦਾ ਹੈ ਇਸ਼ਕ

ਤੇਰੀ ਮੇਰੀ ਨਈ ਚਲਦੀ
ਆਪਣੀ ਚਲਾਉਦਾ ਹੈ ਇਸ਼ਕ

ਸੱਜਣਾ ਵਾਗੂੰ ਨਾਲ ਮੌਤ ਦੇ
ਆਪੇ ਹੀ ਮਿਲਾਉਦਾ ਏ ਇਸ਼ਕ

ਵੱਡੇ ਵੱਡੇ ਕਾਰੇ ਤੇਰੇ ਤੋ
ਆਪੇ ਹੀ ਕਰਾਉਦਾ ਹੈ ਇਸ਼ਕ

ਵਿੱਚ ਸਮੁੰਦਰ ਕਾਲੀ ਰਾਤੇ
ਕੱਚਿਆਂ ਤੇ ਤਰਾਉਦਾ ਹੈ ਇਸ਼ਕ

*****

# ਦਿਲ

ਤੇਰੇ ਉੱਤੇ ਆਇਆ ਏ ਦਿਲ
ਤੇਰੇ ਨਾਲ ਹੀ ਲਾਇਆ ਏ ਦਿਲ

ਤੇਰੇ ਦਿਲ ਦੇ ਵਰਗਾ ਲਗਦਾ
ਜਿਓ ਤੇਰਾ ਹੀ ਜਾਇਆ ਏ ਦਿਲ

ਤੂੰ ਵੀ ਚਲ ਹੁਣ ਹਾਮੀ ਭਰਦੇ
ਕਿਉਂ ਭਲਾਂ ਤੜਫਾਇਆ ਏ ਦਿਲ

ਤੇਰੇ ਨਾਮੇ ਇੰਤਕਾਲ ਮੈ
ਉਮਰਾਂ ਲਈ ਕਰਵਾਇਆ ਏ ਦਿਲ

ਤੈਨੂੰ ਸਦਾ ਜਿਤਾਵਣ ਦੇ ਲਈ
ਹਰ ਵਾਰੀ ਹਰਵਾਇਆ ਏ ਦਿਲ

ਇੱਕ ਬਸ ਤੈਨੂੰ ਪਾਉਣ ਦੀ ਖਾਤਰ
ਕੱਚਿਆਂ ਤੇ ਤਰਵਾਇਆ ਏ ਦਿਲ

*****

# ਸੂਟਾਂ ਵਿੱਚ ਫੱਬਦੀ

ਸੂਟਾਂ ਵਿੱਚ ਤੂੰ ਫੱਬਦੀ ਏ
ਤੂੰ ਚੰਨ ਦੇ ਵਾਂਗੂੰ ਜਗਦੀ ਏ

ਸੱਚੀਂ ਮੈਨੂੰ ਹਾਣ ਦੀਏ
ਤੂੰ ਪਰੀਆਂ ਵਰਗੀ ਲਗਦੀ ਏ

ਕਾਤਿਲ ਅਦਬ ਅਦਾਵਾਂ ਨਾ
ਤੂੰ ਦਿਲ ਮੇਰਾ ਠੱਗਦੀ ਏ

ਹੁਸਨ ਤੇਰੇ ਦੀ ਲਾਲੀ ਨੀ
ਦੂਰੋਂ ਹੀ ਰਹਿੰਦੀ ਦਗਦੀ ਏ

ਚੜ੍ਹਦੇ ਤਿੱਖੇ ਸੂਰਜ ਵਾਂਗੂੰ
ਤੇਰੀ ਜਵਾਨੀ ਮਘਦੀ ਏ

*****

# ਪਰੀਆਂ ਦੀ ਰਾਣੀ

ਪਰੀਆਂ ਦੀ ਤੂੰ ਰਾਣੀ ਏ
ਤੂੰ ਸੱਚੀਂ ਨੀ ਮਹਾਰਾਣੀ ਏ

ਹਰ ਕੋਈ ਕੀ ਨਿੱਕਾ ਵੱਡਾ
ਭਰਦਾ ਤੇਰਾ ਪਾਣੀ ਏ

ਬੋਲ ਤੇਰੇ ਨੇ ਲਗਦੇ ਜਿੱਦਾਂ
ਸੱਚੇ ਗੁਰੂ ਦੀ ਬਾਣੀ ਏ

ਪਾਕ ਪਵਿੱਤਰ ਰੂਹ ਨੀ ਤੇਰੀ
ਗੰਗਾ ਨਦੀ ਦਾ ਪਾਣੀ ਏ

ਤੇਰੇ ਨਾਲ ਹੈ ਜੁੜ ਚੁੱਕੀ
ਮੇਰੇ ਦਿਲ ਦੀ ਤਾਣੀ ਬਾਣੀ ਏ

ਕੱਠੇ ਰੋਟੀ ਆਪਾ ਨੀ
ਤੇਰੇ ਹੱਥਾਂ ਦੀ ਖਾਣੀ ਏ

*****

# ਅੱਖ

ਅੱਖ ਵੇਖ ਕੇ ਸੱਜਣ ਨੂੰ ਫਿਰ ਸੰਗਣ ਲਗਦੀ ਏ
ਚੋਰੀ ਚੋਰੀ ਦਿਲ ਸੱਜਣ ਦਾ ਮੰਗਣ ਲਗਦੀ ਏ
ਉਹਦਾ ਚਿਹਰਾ ਹੀ ਫਿਰ ਹਰ ਪਲ ਅੱਗੇ ਰਹਿੰਦਾ ਏ
ਉਹਦੇ ਰੰਗ ਵਿੱਚ ਹੌਲੀ ਹੌਲੀ ਰੰਗਣ ਲਗਦੀ ਏ
ਝਲਕ ਯਾਰ ਦੀ ਸੂਲੀ ਉੱਤੇ ਟੰਗਣ ਲਗਦੀ ਏ
ਹੌਲੀ ਹੌਲੀ ਝੱਲੇ ਦਿਲ ਨੂੰ ਡੰਗਣ ਲਗਦੀ ਏ

*****

# ਹੱਸਦੀ ਰਹਿੰਦੀ

ਹਰ ਪਲ ਹੱਸਦੀ ਰਹਿੰਦੀ ਏ
ਦਿਲ ਵਿੱਚ ਵਸਦੀ ਰਹਿੰਦੀ ਏ
ਮੈਨੂੰ ਹੀ ਬੱਸ ਵੇਖੀ ਜਾਂਦੀ
ਮੂਹੋਂ ਕੁੱਝ ਨਾ ਕਹਿੰਦੀ ਏ
ਉਹ ਅੱਖੀਆਂ ਦੇ ਨਲ ਖਹਿੰਦੀ ਏ
ਹੱਥਾਂ ਤੇ ਲਾਈ ਮਹਿੰਦੀ ਏ
ਉਹ ਕੋਲੇ ਹੋ ਹੋ ਬਹਿੰਦੀ ਏ
ਉਹ ਹਰ ਪਲ ਹੱਸਦੀ ਰਹਿੰਦੀ ਏ

*****

# ਪਰੀ

ਵੇਖ ਕੇ ਤੈਨੂੰ ਇੰਝ ਲਗਦਾ
ਜਿਉਂ ਪਰੀ ਅਰਸ਼ ਤੋਂ ਆਈ ਏ

ਸਾਲਾਂ ਬੱਧੀ ਰੀਝ ਰੱਬ ਨੇ
ਤੇਰੇ ਉੱਤੇ ਲਾਈ ਏ

ਤੂੰ ਅੰਬਰ ਦੇ ਰਾਜੇ ਦੀ
ਸ਼ਹਿਜਾਦੀ ਜੰਮੀ ਜਾਈ ਏ

ਮੇਰੇ ਚੰਗੇ ਭਾਗਾਂ ਨੂੰ ਤੂੰ
ਮੇਰੇ ਹਿੱਸੇ ਆਈ ਏ

ਹਰ ਪਲ ਰਹਿੰਦੀ ਪਰੀਏ ਨੀ ਤੂੰ
ਮੇਰੇ ਦਿਲ ਤੇ ਛਾਈ ਏ

*****

# ਸਾਝ ਪੁਰਾਣੀ

ਤੇਰੇ ਨਾਲ ਕੋਈ ਸਾਂਝ ਪੁਰਾਣੀ
ਲਗਦੀ ਮੈਨੂੰ ਹੈ ਅੜੀਏ

ਕਰ  ਦਿੱਤਾ ਮੈ ਸਾਰਾ ਹੀ ਕੁੱਝ
ਤੇਰੇ ਨਾਮੇ ਬੈਅ ਅੜੀਏ

ਤੇਰੀ ਅੱਖ ਮੇਰੀ ਅੱਖ ਨਾਲ ਨੀ
ਜਾਣ ਜਾਣ ਰਹੀ ਖਹਿ ਅੜੀਏ

ਕਾਸੇ ਤੋ ਹੁਣ ਡਰ ਨਈ ਲਗਦਾ
ਨਾ ਦੁਨੀਆਂ ਦਾ ਭੈਅ ਅੜੀਏ

ਤੇਰੇ ਵੱਲ ਹੀ ਵੇਖੀ ਜਾਵਾਂ
ਐਸੀ ਕੀ ਤੂੰ ਸ਼ਹਿ ਅੜੀਏ

ਤੇਰੇ ਨਾਲ ਹੀ ਜਿਉਣਾ ਮਰਨਾਂ
ਹਰ ਪਲ ਰਿਹਾ ਮੈਂ ਕਹਿ ਅੜੀਏ

*****

# ਮੁਮਤਾਜ

ਤੇਰੇ ਲਈ ਤਾਜ ਬਣਾ ਦੂਗਾ
ਤੂੰ ਮੇਰੀ ਮੁਮਤਾਜ ਏ

ਤੇਰੇ ਨਾਲ ਜਿਉਂਣੀ ਜਿੰਦਗੀ ਨੀ
ਕਰਨਾ ਆਪਾਂ ਰਾਜ ਏ

ਕੋਇਲ ਵਰਗੀ ਮਿੱਠੀ ਮਿੱਠੀ
ਤੇਰੀ ਕੁੜੇ ਅਵਾਜ ਏ

ਸਵਰਗਾਂ ਵਾਲੇ ਸਤਯੁਗ ਦਾ
ਤੇਰੇ ਨਾਲ ਹੋਇਆ ਆਗਾਜ਼ ਏ

ਸੁਕੂਨ ਦਿੰਦਾ ਮੇਰੀ ਰੂਹ ਨੂੰ
ਤੂੰ ਹਾਰਪ ਜਿਆ ਕੋਈ ਸਾਜ਼ ਏ

ਮੇਰੇ ਹਿੱਸੇ ਤੂੰ ਆਈ
ਮੈਨੂੰ ਕਰਮਾਂ ਤੇ ਨਾਜ਼ ਏ

*****

# ਕਣਕਾ ਦਾ ਰੰਗ

ਕਣਕਾਂ ਦੇ ਰੰਗ ਜਿਹਾ ਰੰਗ ਨਾਰ ਦਾ
ਮੁੱਖ ਚੰਨ ਵਾਂਗੂੰ ਲਿਸਕੋਰਾਂ ਮਾਰਦਾ

ਫਿਰਦੀ ਆ ਮੇਲੇ ਵਿੱਚ ਬਣ ਤਿਤਲੀ
ਅੱਗ ਲਾਵੇ ਸੂਟ ਕਾਲਾ ਮੁਟਿਆਰ ਦਾ

ਟੀਸੀ ਆਲਾ ਬੇਰ ਕੁੜੀ ਬਣੀ ਫਿਰਦੀ
ਲਗਦੀ ਆਂ ਨਖਰੋ ਨਗੀਨਾ ਬਾਹਰ ਦਾ

ਪੈਰੀ ਪਾਈ ਜੁੱਤੀ ਆ ਕਸੂਰ ਸ਼ਹਿਰ ਦੀ
ਬਣੀ ਫਿਰਦੀ ਆ ਕੁੜੀ ਪੁੜੀ ਜਹਿਰ ਦੀ

ਸੱਪ ਵਾਂਗੂੰ ਵਲ ਖਾਂਦੀ ਗੁੱਤ ਨਖਰੋ
ਅਸਕੇ ਜੀ ਚੜੀ ਏ ਜਵਾਨੀ ਕਹਿਰ ਦੀ

ਕੌਲ ਤੇ ਕਰਾਰ ਸਾਰੇ ਪੱਕੇ ਪੱਕੇ ਨੇ
ਕੱਚਿਆਂ ਤੇ ਨਖਰੋ ਜੀ ਫਿਰੇ ਤੈਰਦੀ

*****

# ਪਿਆਰ ਹੋਇਆ

ਸੱਜਣਾ ਦੇ ਸੁਪਨੇ ਆਉਣ ਲੱਗੇ
ਹੁਣ ਚਿਹਰੇ ਵੀ ਮੁਸਕਾਉਣ ਲੱਗੇ
ਸਭ ਤੋ ਨੇੜੇ ਯਾਰ ਹੋਇਆ
ਸਾਨੂੰ ਵੀ ਜੀ ਪਿਆਰ ਹੋਇਆ

ਹੋਸ਼ ਰਹੀ ਹੁਣ ਜੱਗ ਦੀ ਕਿੱਥੇ
ਅੱਖ ਵੀ ਚੰਦਰੀ ਲਗਦੀ ਕਿੱਥੇ
ਇਸ਼ਕ ਦਾ ਤੇਜ ਬੁਖਾਰ ਹੋਇਆ
ਸਾਨੂੰ ਵੀ ਜੀ ਪਿਆਰ ਹੋਇਆ

ਸਾਰਾ ਕੁੱਝ ਚੰਗਾ ਜਿਆ ਲਗਦਾ
ਆਸਮਾਨ ਸਤਰੰਗਾ ਜਿਆ ਲਗਦਾ
ਦਿਲ ਵੀ ਵੱਸੋ ਬਾਹਰ ਹੋਇਆ
ਸਾਨੂੰ ਵੀ ਜੀ ਪਿਆਰ ਹੋਇਆ

*****

# ਰਿਸ਼ਤਾ ਕੋਈ ਖਾਸ

ਤੇਰੇ ਨਾਲ ਰਿਸ਼ਤਾ ਕੋਈ ਖਾਸ ਏ
ਤੇਰੇ ਉੱਤੇ ਮੈਨੂੰ ਰੱਬ ਜਿਹਾ ਵਿਸ਼ਵਾਸ਼ ਏ

ਦੁਨੀਆ ਦੇ ਕੋਲੋ ਮੈਨੂੰ ਭੋਰਾ ਵੀ ਨਹੀ
ਤੇਰੇ ਕੋਲੋ ਯਾਰਾ ਮੈਨੂੰ ਬੜੀ ਵੱਡੀ ਆਸ ਏ

ਰੂਹ ਤਾਂ ਕਦੋ ਦੀ ਤੇਰੇ ਨਾਲ ਜੁੜ ਗਈ
ਤੇਰੇ ਬਿਨਾ ਹੁਣ ਇਹ ਸ਼ਰੀਰ ਜਿੰਦਾ ਲਾਸ਼ ਏ

ਹੋਰ ਮੈਨੂੰ ਕੁੱਝ ਵੀ ਨੀ ਚੰਗਾ ਲਗਦਾ
ਤੇਰੇ ਨਾ ਪਿਆਰ ਮੈਨੂੰ ਆਇਆ ਬੜਾ ਰਾਸ ਏ

ਤੂੰ ਏ ਯੱਕਾ ਹੁਕਮ ਦਾ ਮੈ ਰਾਣੀ ਬੇਗਮ ਦੀ
ਤੇਰੇ ਨਾਲ ਖੇਡਣੀ ਪਿਆਰ ਵਾਲੀ ਤਾਂਸ਼ ਏ

ਤੇਰੇ ਨਾਲੋ ਵੱਖ ਵੇ ਮੈ ਕਦੇ ਨੀ ਹੋ ਸਕਦੀ
ਮੈ ਤੇਰੇ ਨਾਲ ਜੁੜੀ ਜਿਵੇ ਨੌਂਹ ਨਾਲ ਮਾਸ ਏ

*****

## ਦਿਲ ਦੀ ਗੱਲ

ਕਰ ਕੋਈ ਅੜਿਆ ਦਿਲ ਦੀ ਗੱਲ
ਮੇਰੇ ਨਾਲ ਕੋਈ ਮਿਲਦੀ ਗੱਲ
ਗੱਲ ਕੋਈ ਕਰ ਤੂੰ ਕੋਕੇ ਦੀ
ਜਾਂ ਕਰ ਠੋਡੀ ਦੇ ਤਿਲ ਦੀ ਗੱਲ
ਗੱਲ ਕੋਈ ਮੋਟੀਆ ਅੱਖਾਂ ਦੀ
ਜੋ ਮੁੱਖੜੇ ਤੇ ਖਿਲ ਦੀ ਗੱਲ

*****

## ਗੱਲ ਈ ਹੋਰ ਏ

ਤੇਰੀਆ ਬਿੱਲੀਆ ਅੱਖਾਂ ਦੀ ਗੱਲ ਈ ਹੋਰ ਏ
ਤੂੰ ਪਾਈ ਚੈਨੀ ਲੱਖਾਂ ਦੀ ਗੱਲ ਈ ਹੋਰ ਏ
ਕਾਲੇ ਕਾਲੇ ਸੂਟਾਂ ਦੀ ਗੱਲ ਈ ਹੋਰ ਏ
ਤੇਰੇ ਗੁੱਚੀ ਬੂਟਾਂ ਦੀ ਗੱਲ ਈ ਹੋਰ ਏ
ਗਲ ਵਿੱਚ ਪਾਈ ਗਾਨੀ ਦੀ ਗੱਲ ਈ ਹੋਰ ਏ
ਤੇਰੀ ਮਸਤ ਜਵਾਨੀ ਦੀ ਗੱਲ ਈ ਹੋਰ ਏ

*****

# ਤੇਰੇ ਵਿੱਚ

ਸੂਰਜ ਵਾਂਗੂੰ ਚਾਨਣ ਕਰਦੀ ਹਨੇਰੇ ਵਿੱਚ
ਦੱਸ ਨੀ ਐਸਾ ਕੀ ਐ ਕੁੜੀਏ ਤੇਰੇ ਵਿੱਚ

ਮੇਰੇ ਉੱਤੇ ਫ਼ਿਦਾ ਤੂੰ ਹੋਈ ਫਿਰਦੀ ਏ
ਐਸਾ ਕੀ ਤੂੰ ਤੱਕਿਆ ਅੜੀਏ ਮੇਰੇ ਵਿੱਚ

ਸਾਲੋ ਸਾਲ ਲਗਾ ਕੇ  ਰੱਬ ਨੇ ਘੜਿਆ ਏ
ਫਿੱਟ ਕੀਤਾ ਏ ਚੰਨ ਨੂੰ ਤੇਰੇ ਚੇਹਰੇ ਵਿੱਚ

ਤੇਰੇ ਕਰਕੇ ਸਾਧ ਨਾਂ ਹੋਣਾ ਪੈ ਜਾਵੇ
ਬੈਠਣਾ ਪੈਜੂ ਮੈਨੂੰ ਸਾਧ ਦੇ ਡੇਰੇ ਵਿੱਚ

ਚੁਮਬਕ ਵਾਂਗੂੰ ਤੇਰੇ ਵੱਲ ਖਿੱਚੀਆ ਜਾਵੇ
ਐਨੀ ਜਿਆਦਾ ਖਿੱਚ ਐ ਅੜੀਏ ਤੇਰੇ ਵਿੱਚ

ਧੰਨਵਾਦ ਤੂੰ ਮੈਨੂੰ ਮੌਕਾ ਦੇ ਦਿੱਤਾ
ਹੋਰ ਕੋਈ ਨਾਂ ਆਉਂਦਾ ਤੇਰੇ ਘੇਰੇ ਵਿੱਚ

*****

# ਤੇਰੇ ਨਾਲ ਬਿਤਾਉਣੀ

ਤੇਰੇ ਨਾਲ ਬਿਤਾਉਣੀ ਏ
ਮੈ ਜ਼ਿੰਦਗੀ ਸਾਰੀ ਨੀ

ਜਿੰਦ ਜਾਨ ਵੀ ਗੱਭਰੂ ਨੇ
ਤੇਰੇ ਤੋਂ ਵਾਰੀ ਨੀ

ਸਾਰੀ ਦੁਨੀਆ ਤੋ ਵੱਧਕੇ
ਤੂੰ ਲੱਗਦੀ ਪਿਆਰੀ ਨੀ

ਤੇਰੇ ਨਾਲ ਮੈ ਇਸ਼ਕ ਸਮੁੰਦਰ
ਲਾਉਣੀ ਤਾਰੀ ਨੀ

ਨੀ ਅੰਬਰਾਂ ਦੇ ਹੁਸਨਾਂ ਦੀ
ਨੀ ਤੂੰ ਲੱਗੇ ਪਟਾਰੀ

ਉਮਰਾ ਤੀਕਰ ਤੇਰੇ ਨਾਲ
ਨਿਭਾਊ ਯਾਰੀ ਨੀ

*****

# ਚੈਨ ਵੈਨ

ਜਿੱਦਣ ਦਾ ਤੈਨੂੰ ਵੇਖਿਆ ਨੀ
ਮੇਰਾ ਚੈਨ ਵੇਨ ਸਭ ਖੋ ਗਿਆ ਏ

ਤੇਰਾ ਸੰਗਦੀ ਦਾ ਹਾਸਾ ਨੀ
ਮਿੰਨਟਾ ਵਿਚ ਮੈਨੂੰ ਮੋਹ ਗਿਆ ਏ

ਸਾਰੇ ਹੀ ਪੁੱਛਦੇ ਰਹਿਦੇ ਨੇ
ਕੀ ਪਤਾ ਨੀ ਮੈਨੂੰ ਹੋ ਗਿਆ ਏ

ਵੇਖਦੇ ਸਾਰ ਹੀ ਦਿਲ ਮੇਰਾ
ਉਮਰਾ ਲਈ ਤੇਰਾ ਹੋ ਗਿਆ ਏ

ਤੇਰੀ ਬਾਹ ਤੇ ਸਿਰ ਰੱਖ ਕੇ
ਸੁਪਨੇ ਵਿਚ ਗੱਭਰੂ ਸੋ ਗਿਆ ਏ

ਹੁਣ ਇੰਤਕਾਲ ਮੇਰਾ ਸਾਰਾ ਕੁੱਝ
ਨੀ ਤੇਰੇ ਨਾਮੇ ਹੋ ਗਿਆ ਏ

*****

# ਪਤਾਸੇ ਵਰਗਾ

ਤੇਰੇ ਨਾਲ ਬਾਹਲਾ ਜਚਦਾ
ਖੁੱਲੇ ਹਾਸੇ ਵਰਗਾ ਨੀ

ਤੇਰੇ ਉੱਤੇ ਹੈ ਮਰਦਾ
ਮੁੰਡਾ ਪਤਾਸੇ ਵਰਗਾ ਨੀ

ਤੋਲਾ ਤੇਰੇ ਨਾਲ ਹੈ
ਉੱਝ ਤਾ ਮਾਸੇ ਵਰਗਾ ਨੀ

ਦਿਲ ਦਾ ਅੜੀਏ ਚਿੱਟਾ
ਤੇਰੇ ਦੰਦਾਸੇ ਵਰਗਾ ਨੀ

ਤੇਰੇ ਨਾਲ ਹੈ ਸੋਨਾ
ਉੱਝ ਤਾ ਕਾਸੇ ਵਰਗਾ ਨੀ

ਤੇਰੇ ਨਾਲ ਹੈ ਤਾਜਾ
ਉਝ ਭੋਜਨ ਬਾਸੇ ਵਰਗਾ ਨੀ

*****

# ਫੁੱਲਾਂ ਵਰਗੀ

ਤੂੰ ਫੁੱਲਾਂ ਦੇ ਵਰਗੀ ਏ
ਫੁੱਲਾਂ ਵਾਗੂੰ ਮਹਿਕਾਂ ਵੰਡਦੀ ਏ

ਮਿੱਠੇ ਮਿੱਠੇ ਬੋਲ ਤੇਰੇ ਨੀ
ਜਿਵੇ ਚਾਸਨੀ ਖੰਡ ਦੀ ਏ

ਦਿਲ ਮੇਰੇ ਦੀ ਸੂਈ
ਤੇਰੇ ਨਾਲ ਮੁਹੱਬਤਾਂ ਗੰਢਦੀ ਏ

ਪਾਗਲ ਹੈ ਨੀ ਦੁਨੀਆ
ਇਹ ਤਾਂ ਐਵੇ ਰਹਿੰਦੀ ਭੰਡਦੀ ਏ

ਆਪਣੀਆ ਰੱਖੇ ਕੱਛ ਚ
ਬਾਕੀ ਛੱਜ ਪਾ ਪਾ ਕੇ ਛੰਡਦੀ ਏ

ਸੱਚੇ ਪਿਆਰ ਦੀ ਇਸ਼ਕ ਕਹਾਣੀ
ਸੱਤ ਜਨਮਾਂ ਤੱਕ ਹੰਢਦੀ ਏ

*****

# ਤੂੰ ਹੀ ਏ

ਤੂੰ ਤਾ ਸੱਜਣਾ ਤੂੰ ਹੀ ਏ
ਤੇਰੇ ਜਿਹਾ ਕੋਈ ਹੋਰ ਨਹੀ

ਪਹਿਲੀ ਤੱਕਣੀ ਤੇਰਾ ਹੋਇਆ
ਦਿਲ ਤੇ ਕੋਈ ਜੋਰ ਨਹੀ

ਅੱਖਾ ਸਾਹਵੇ ਬੱਸ ਤੂੰ ਹੋਵੇ
ਚਾਹੀਦਾ ਕੁੱਝ ਹੋਰ ਨਹੀ

ਤੇਰੇ ਤੋ ਬਿਨ ਕਾਸੇ ਦੀ ਵੀ
ਚੜਦੀ ਮੈਨੂੰ ਲੋਰ ਨਹੀ

ਦਿਲ ਨੂੰ ਤੇਰੇ ਬੋਲ ਨੇ ਸੁਣਦੇ
ਹੋਰ ਕਾਸੇ ਦਾ ਵੀ ਸ਼ੋਰ ਨਹੀ

ਜਿੱਦਨ ਦਾ ਮੈ ਤੈਨੂੰ ਵੇਖਿਆ
ਰਹੀ ਉਹ ਮੇਰੀ ਤੋਰ ਨਹੀ

*****

# ਧੋਖੇ ਹੋ ਜਾਂਦੇ

ਏਥੇ ਸੱਜਣਾ ਕੱਲਾ ਹੀ ਨਹੀ ਪਿਆਰ ਹੁੰਦਾ
ਏਥੇ ਅਕਸਰ ਧੋਖੇ ਵੀ ਨੇ ਹੋ ਜਾਦੇ

ਕੋਲ ਕਰਾਰ ਜੀ ਕਰਕੇ ਸੱਤ ਸੱਤ ਜਨਮਾਂ ਦੇ
ਏਸ ਜਨਮ ਹੀ ਸੱਜਣ ਕਿਧਰੇ ਖੋ ਜਾਦੇ

ਵਾਅਦੇ ਸੁਪਨੇ ਦਿਲ ਜੀ ਸਭ ਕੁੱਝ ਤੋੜ ਦਿੰਦੇ
ਇਸ਼ਕ ਤੋ ਹਾਰੇ ਬੰਦੇ ਆਖਰ ਮੋ ਜਾਂਦੇ

ਮੂੰਹ ਤੇ ਰੱਖਦੇ ਹਾਸੇ ਅੰਦਰੋ ਖਾਰਾਂ ਜੀ
ਝੂਠੇ ਸੱਜਣ ਸਾਰਾ ਕੁੱਝ ਲੁਕੋ ਜਾਂਦੇ

ਕਰ ਕਰ ਯਾਦ ਜੀ ਬਾਤਾਂ ਉਹਦੇ ਪਿਆਰ ਦੀਆਂ
ਮੱਲੋ ਮੱਲੀ ਅੱਖ ਚੋਂ ਹੰਝੂ ਚੋ ਜਾਂਦੇ

ਮਿਲਦਾ ਪਿਆਰ ਜੀ ਸੱਚਾ ਵਿਰਲੇ ਟਾਂਵੇ ਨੂੰ
ਨਹੀ ਤਾ ਜੀ ਦਿਲ ਟੁੱਕੜੇ ਟੁੱਕੜੇ ਹੋ ਜਾਂਦੇ

*****

# ਹਾਰ ਗਏ ਜੀ

ਅਸੀਂ ਇਸ਼ਕੇ ਦੇ ਵਿੱਚ ਹਾਰ ਗਏ ਜੀ
ਸੱਜਣ ਸਾਨੂੰ ਮਾਰ ਗਏ ਜੀ

ਸਾਨੂੰ ਉਰਲੇ ਪਾਸੇ ਛੱਡ ਕੇ
ਸੱਜਣ ਪਰਲੇ ਪਾਰ ਗਏ ਜੀ

ਸਾਨੂੰ ਭੋਲੇ ਭਾਲਿਆਂ ਨੂੰ
ਸਾਡੇ ਸੱਜਣ ਚਾਰ ਗਏ ਜੀ

ਸੀ ਜੋ ਸਾਡੇ ਆਪਣੇ ਓਹੀ
ਖਾ ਸਾਡੇ ਤੋਂ ਖਾਰ ਗਏ ਜੀ

ਕਦੇ ਅਸੀਂ ਸੀ ਫੁੱਲਾਂ ਵਰਗੇ
ਹੁਣ ਓਹਨੂੰ ਬਣ ਭਾਰ ਗਏ ਜੀ

ਮੈਨੂੰ ਹੱਸਦੇ ਵਸਦੇ ਨੂੰ
ਸੱਜਣ ਸੂਲੀ ਚਾੜ ਗਏ ਜੀ

*****

# ਚੰਨ ਵਾਂਗੂੰ ਦਾਗੀ

ਮੈ ਸੀ ਤੈਨੂੰ ਚੰਨ ਆਖਦਾ
ਤੂੰ ਚੰਨ ਵਾਂਗੂੰ ਦਾਗੀ ਨਿੱਕਲੀ

ਹੌਲੀ ਹੌਲੀ ਪਿਆਰ ਮੇਰੇ ਤੋਂ
ਹੋ ਕੇ ਨੀ ਤੂੰ ਬਾਗੀ ਨਿੱਕਲੀ

ਪਿਆਰ ਤਾਂ ਮੇਰਾ ਸੱਚਾ ਸੀ
ਪਰ ਕਿਸਮਤ ਹੀ ਬੇਭਾਗੀ ਨਿੱਕਲੀ

ਮੈ ਸਭ ਕੁੱਝ ਹਰਦਾ ਹਾਰ ਗਿਆ
ਤੂੰ  ਤਾ ਜਿੱਤ ਕੇ ਬਾਜੀ ਨਿੱਕਲੀ

ਮੈ ਤਾ ਵੈਸੇ ਹੀ ਪੁੱਛਿਆ ਸੀ
ਤੂੰ ਛੱਡਣ ਨੂੰ ਰਾਜੀ ਨਿੱਕਲੀ

ਮੈ ਸੀ ਸੌਂ ਗਿਆ ਮਿਰਜੇ ਵਾਂਗੂੰ
ਤੂੰ ਸਾਹਿਬਾ ਵਾਂਗੂੰ ਜਾਗੀ ਨਿੱਕਲੀ

*****

# ਤੂੰ ਛੱਡ ਦਿੱਤਾ

ਤੂੰ ਤਾਂ ਭਾਵੇ ਛੱਡ ਦਿੱਤਾ
ਪਰ ਮੈਥੋ ਗਈ ਤੂੰ ਛੱਡੀ ਨੀ

ਤੂੰ ਤਾ ਦਿਲ ਚੋਂ ਕੱਢ ਦਿੱਤਾ
ਪਰ ਮੈਥੋ ਗਈ ਤੂੰ ਕੱਢੀ ਨੀ

ਚਿੱਟੇ ਵਾਂਗੂੰ ਬੇਦਰਦੇ ਤੂੰ
ਰਚ ਗਈ ਮੇਰੇ ਹੱਡੀਂ ਨੀ

ਹਾਲੇ ਤੱਕ ਵੀ ਸੰਭਲ ਨਾ ਪਾਇਆ
ਪਾਈ ਗੇਮ ਤੂੰ ਵੱਡੀ ਨੀ

ਹੁਣ ਤਾਂ ਆਖਰੀ ਸਾਹਾਂ ਤੇ ਐ
ਜਿੰਦਗੀ ਦੀ ਇਹ ਗੱਡੀ ਨੀ

ਲੋਕਾਂ ਮੈਥੋਂ ਮੈ ਜਿੰਦਗੀ ਤੋਂ
ਸਭ ਆਸ ਉਮੀਦ ਹੀ ਛੱਡੀ ਨੀ

*****

## ਦਿਲ ਟੁੱਟ ਗਿਆ

ਦਿਲ ਟੁੱਟਦਾ ਟੁੱਟਦਾ ਟੁੱਟ ਗਿਆ

ਮੈ ਤੇਰੇ ਹੱਥੋਂ ਛੁੱਟ ਗਿਆ

ਮੇਰਾ ਸਾਰਾ ਕੁੱਝ ਲੁੱਟ ਗਿਆ

ਇਹ ਧੋਖਾ ਮੈਨੂੰ ਪੁੱਟ ਗਿਆ

ਹੁਣ ਭਾਂਡਾ ਤੇਰਾ ਫੁੱਟ ਗਿਆ

ਭਰ ਸਬਰਾਂ ਦਾ ਮੇ ਘੁੱਟ ਗਿਆ

*****

## ਰੂਹ ਵਿੱਚ ਵਸਿਆ

ਤੈਨੂੰ ਭੁੱਲਣਾ ਆਸਾਨ ਨਹੀ

ਤੂੰ ਤਾ ਰੂਹ ਵਿੱਚ ਵਸਿਆ ਸੀ

ਹੁਣ ਸਾਰਾ ਕੁੱਝ ਖਤਮ ਏ

ਤੂੰ ਆਖਰ ਏਹੀ ਦੱਸਿਆ ਸੀ

ਕੀ ਕੀ ਮੈ ਸੀ ਸੋਚਿਆ ਤੇ ਹੁਣ ਕੀ ਹੋਇਆ

ਮੈ ਸੋਚਾਂ ਦੇ ਚੱਕਰਾਂ ਦੇ ਵਿੱਚ ਫਸਿਆ ਸੀ

*****

# ਤੇਰੀਆ ਗੱਲਾਂ

ਗੱਲਾਂ ਤੇਰੀਆ ਗੱਲਾਂ ਸੀ
ਕਾਲੇ ਪਾਣੀ ਦੀਆਂ ਛੱਲਾਂ ਸੀ

ਜਾਂਦੀ ਜਾਂਦੀ ਅੜੀਏ ਨੀ ਤੂੰ
ਫੇਰੇ ਛਡਾਗੀ ਪੱਲਾ ਸੀ

ਸਾਰੀ ਦੁਨੀਆ ਨਾਲੋਂ ਨੀ ਤੂੰ
ਕਰ ਗਈ ਮੈਨੂੰ ਕੱਲਾ ਸੀ

ਯਾਰਾਂ ਨੇ ਮੈਨੂੰ ਰੋਕਿਆ ਮੈ ਤਾਂ
ਰਾਹ ਮੌਤ ਦੇ ਚੱਲਾ ਸੀ

ਕੋਈ ਆ ਗਈ ਮੁੰਦਰੀ ਮੇਚ ਸੀ
ਤਾਂ ਮੋੜਗੀ ਮੇਰਾ ਛੱਲਾ ਸੀ

ਕਿਸੇ ਨਾ ਮੇਰੀ ਇੱਕ ਸੁਣੀ
ਬੜੇ ਧਿਆਏ ਪੀਰ ਤੇ ਅੱਲਾ ਸੀ

*****

# ਅੱਖ ਚੋਂ ਹੰਝੂ

ਹੰਝੂ ਅੱਖ ਚੋਂ ਵਹਿ ਰਹੇ ਨੇ
ਬਾਹਲਾ ਹੀ ਕੁੱਝ ਕਹਿ ਰਹੇ ਨੇ

ਹਰ ਪਲ ਤੇਰੀ ਯਾਦ ਸਤਾਉਦੀ
ਰੋਣੇ ਪੱਲੇ ਪੈ ਰਹੇ ਨੇ

ਦਿਲ ਵੀ ਟੁੱਟ ਕੇ ਟੁੱਕੜੇ ਹੋਇਆ
ਕੌਲ ਕਰਾਰ ਵੀ ਢਹਿ ਰਹੇ ਨੇ

ਤਕੜੇ ਨੇ ਸਾਹ ਚੱਲ ਰਹੇ ਨੇ
ਜਿਹੜੇ ਤੈਨੂੰ ਸਹਿ ਰਹੇ ਨੇ

ਤੇਰੇ ਧੋਖੇ ਜਾਨ ਨੀ ਮੇਰੀ
ਹੌਲੀ ਹੌਲੀ ਲੈ ਰਹੇ ਨੇ

*****

# ਪੜਨੇ ਆਏ ਨਾਂ

ਲੱਖ ਕਿਤਾਬਾਂ ਪੜੀਆਂ ਮੈ
ਪਰ ਚਿਹਰੇ ਪੜਨੇ ਆਏ ਨਾਂ

ਕਿਹੜੇ ਸੀ ਬੇਗਾਨੇ ਕਿਹੜੇ
ਮੇਰੇ ਪੜਨੇ ਆਏ ਨਾਂ

ਮਤਲਬ ਲਈ ਸੱਜਣ ਬਹਿੰਦੇ ਸੀ
ਨੇੜੇ ਪੜਨੇ ਆਏ ਨਾਂ

ਤਖਤ ਹਜਾਰੇ ਵਾਂਗੂੰ ਸਾਨੂੰ
ਖੇੜੇ ਪੜਨੇ ਆਏ ਨਾਂ

ਵਰਤਣ ਨੂੰ ਫਰਦੇ ਸੀ ਮੈਨੂੰ
ਜਿਹੜੇ ਪੜਦੇ ਆਏ ਨਾਂ

ਆਪਣਿਆ ਦੇ ਮਾਰੇ ਮੈਨੂੰ
ਲਫੇੜੇ ਪੜਨੇ ਆਏ ਨਾਂ

*****

# ਅੱਖਾਂ ਚੋਂ ਹੰਝੂ

ਦਿਲ ਵੀ ਮੇਰਾ ਸਹਿਕ ਰਿਹਾ
ਅੱਖਾਂ ਚੋਂ ਹੰਝੂ ਚੋਏ ਨੇ

ਕੀਹਨੂੰ ਕੀਹਨੂੰ ਦੱਸਾਂ ਮੈ ਕੀ
ਦਿਲ ਵਿੱਚ ਦਰਦ ਲਕੋਏ ਨੇ

ਮਾੜੀ ਕੋਈ ਨਜਰ ਲੱਗੀ
ਜੋ ਹੱਸਦੇ ਸੱਜਣ ਮੋਏ ਨੇ

ਹੁਣ ਕਿੱਥੇ ਨੇ ਜੁੜ ਸਕਦੇ
ਦਿਲ ਟੁਕੜੇ ਟੁਕੜੇ ਹੋਏ ਨੇ

ਸੱਚ ਸਿਆਣੇ ਕਹਿੰਦੇ ਨੇ ਜੀ
ਕਾਹਲੀ ਅੱਗੇ ਟੋਏ ਨੇ

ਸੱਚਾ ਪਿਆਰ ਤੇ ਸੱਚੇ ਸੱਜਣ
ਕਦੋਂ ਕਿਸੇ ਦੇ ਹੋਏ ਨੇ

*****

# ਗੈਰ ਹੋ ਗਿਆ

ਮਾਸ਼ਾਹ ਅੱਲਾ ਕੀ ਕਹਿਰ ਹੋ ਗਿਆ
ਸਾਡਾ ਸੱਜਣ ਗੈਰ ਹੋ ਗਿਆ

ਕਦੇ ਸੀ ਹੁੰਦਾ ਮਿੱਠਾ ਸ਼ਰਬਤ
ਅੱਜ ਸਾਡੇ ਲਈ ਜਹਿਰ ਹੋ ਗਿਆ

ਪਹਿਲਾਂ ਪਿਆਰ ਸੀ ਸੱਤ ਜਨਮਾਂ ਦਾ
ਹੁਣ ਸੱਤ ਜਨਮੀਂ ਵੈਰ ਹੋ ਗਿਆ

ਕਦੇ ਸੀ ਹੁੰਦਾ ਤਾਜ ਉਹ ਸਿਰ ਦਾ
ਹੁਣ ਉਹ ਜੁੱਤੀ ਪੈਰ ਹੋ ਗਿਆ

ਕਦੇ ਸੀ ਹੁੰਦਾ ਸਾਡਾ ਆਪਣਾ
ਹੁਣ ਬੇਗਾਨਾ ਸ਼ਹਿਰ ਹੋ ਗਿਆ

ਕਦੇ ਸੀ ਸੁੱਚਾ ਇਸਕ ਸਮੁੰਦਰ
ਹੁਣ ਉਹ ਸੁੱਕੀ ਨਹਿਰ ਹੋ ਗਿਆ

*****

# ਮਿੱਟੀ ਮੈ ਆ

ਮਿੱਟੀ ਮੈ ਆ ਮਿੱਟੀ ਤੂੰ ਏ
ਮਿੱਟੀ ਏ ਸਭ ਦੁਨੀਆਦਾਰੀ

ਦਿਲ ਦੀ ਕੋਈ ਬਾਤ ਨੀ ਪੁੱਛਦਾ
ਸਾਰੇ ਬਸ ਕਰਦੇ ਹੁਸ਼ਿਆਰੀ

ਪੈਸੇ ਨੂੰ ਹੀ ਯਾਰ ਬਣਾਇਆ
ਰਹਿਗੀ ਗੇਮ ਪੈਸੇ ਦੀ ਸਾਰੀ

ਤੇਰੇ ਆਪਣੇ ਤੇਰੇ ਬਣ ਕੇ
ਤੈਨੂੰ ਹੀ ਨੇ ਜਾਂਦੇ ਚਾਰੀ

ਪੱਥਰਾਂ ਵਿੱਚ ਰਹਿ ਪੱਥਰ ਹੋਈ
ਪੱਥਰ ਹੋਈ ਦੁਨੀਆ ਸਾਰੀ

ਸਾਰੀ ਦੁਨੀਆ ਦੋਗਲੀ ਹੀ ਏ
ਬਾਹਰੋ ਮਿੱਠੀ ਅੰਦਰੋ ਖਾਰੀ

*****

## ਲੱਭਦੀ ਫਿਰਦੀ ਐ

ਮੈਨੂੰ ਛੱਡ ਕੇ ਮੇਰੇ ਵਰਗਾ
ਲੱਭਦੀ ਫਿਰਦੀ ਐ

ਨਾਲੇ ਐ ਪਛਤਾਉਦੀ
ਨਾਲੇ ਯਭਦੀ ਫਿਰਦੀ ਏ

ਆਪੇ ਪੱਟੇ ਮਿੱਟੀ
ਆਪੇ ਦੱਬਦੀ ਫਿਰਦੀ ਐ

ਉਹਦਾ ਕੋਈ ਨੀ
ਉਹ ਹੋਈ ਸਭਦੀ ਫਿਰਦੀ ਐ

ਆਰਟੀਫੀਸ਼ੀਅਲ ਚੀਜਾਂ ਦੇ ਨਲ
ਫੱਬਦੀ ਫਿਰਦੀ ਐ

ਨਿੱਤ ਨਿੱਤ ਹੀ ਨਵੇਂ ਸ਼ਿਕਾਰ ਉਹ
ਚੱਬਦੀ ਫਿਰਦੀ ਐ

*****

# ਮੈਨੂੰ ਯਾਦ ਏ

ਤੇਰੀ ਕੀਤੀ ਕੱਲੀ ਕੱਲੀ ਗੱਲ ਮੈਨੂੰ ਯਾਦ ਏ
ਹਰ ਇੱਕ ਤੇਰਾ ਕੀਤਾ ਝੱਲ ਮੈਨੂੰ ਯਾਦ ਏ

ਮੇਰੀ ਸੀ ਤਾਂ ਮੇਰੇ ਵੱਲ ਭੱਜੀ ਭੱਜੀ ਆਉਦੀ ਸੀ
ਹੁਣ ਹੋਈ ਕਿਹੜਿਆਂ ਦੇ ਵੱਲ ਮੈਨੂੰ ਯਾਦ ਏ

ਸੌਹ ਸੱਤ ਜਨਮਾਂ ਦੀ ਮੈਨੂੰ ਤੂੰ ਖਵਾਈ ਸੀ
ਮੇਰੇ ਸਾਹਵੇ ਤੋੜਤੀ ਤੂੰ ਕੱਲ ਮੈਨੂੰ ਯਾਦ ਏ

ਕਦੇ ਮੇਰੇ ਬਿਨਾ ਇੱਕ ਪਲ ਵੀ ਨੀ ਸਾਰਦੀ ਸੀ
ਹੁਣ ਕਿਸੇ ਹੋਰ ਦਾ ਉਹ ਪਲ ਮੈਨੂੰ ਯਾਦ ਏ

ਭੋਲਾ ਭਾਲਾ ਗੱਭਰੂ ਤੂੰ ਦੋਵੇ ਹੱਥੀਂ ਲੁੱਟਿਆ ਏ
ਕਿਹੜਾ ਕਿਹੜਾ ਕੀਤਾ ਨੀ ਤੂੰ ਛੱਲ ਮੈਨੂੰ ਯਾਦ ਏ

ਵੇਖ ਵੇਖ ਤੇਰੇ ਨੀ ਇਹ ਚੱਜ ਭੈੜੇ ਭੈੜੇ ਨੀ
ਪੈਣ ਮੇਰੇ ਕਾਲਜੇ ਚ ਸੱਲ ਮੈਨੂੰ ਯਾਦ ਏ

*****

# ਦਿਲ ਦੇ ਕਾਲੇ

ਰੰਗ ਦੇ ਸੱਜਣ ਚਿੱਟੇ
ਦਿਲ ਦੇ ਕਾਲੇ ਕਾਲੇ ਜੀ

ਦੋਵੇ ਹੱਥੀਂ ਲੁੱਟਦੇ
ਭੈੜੇ ਬਾਹਲੇ ਬਾਹਲੇ ਜੀ

ਧੋਖਿਆ ਨਾ ਲਬਰੇਜ
ਨੇ ਕਰਦੇ ਘਾਲੇ ਮਾਲੇ ਜੀ

ਇਸ਼ਕਾਂ ਵਿੱਚ ਫਿਊਚਰ
ਸਭ ਨੇ ਗਾਲੇ ਗਾਲੇ ਜੀ

ਰਿਸ਼ਤਿਆ ਦੇ ਵਿੱਚ ਹੋਏ
ਪਏ ਨੇ ਘਾਲੇ ਮਾਲੇ ਜੀ

ਬੁੱਕਲ ਦੇ ਸੱਪ ਬੈਠੇ
ਸਾਡੇ ਆਲੇ ਦਾਲੇ ਜੀ

*****

# ਕੋਈ ਨੇੜੇ ਨੀਂ

ਕੀਹਨੂੰ ਦੱਸਾਂ ਗੱਲ ਦਿਲਾਂ ਦੀ
ਦਿਲ ਦੇ ਕੋਈ ਨੇੜੇ ਨੀਂ

ਸਾਂਤ ਤੇ ਡੂੰਘੀ ਸੁੰਨ ਹੈ ਪਸਰੀ
ਮੇਰੇ ਦਿਲ ਦੇ ਵੇਹੜੇ ਨੀਂ

ਭੀੜ ਪਈ ਤੇ ਪਾਸਾ ਵੱਟ ਗਏ
ਨਾਲ ਖੜੇ ਸੀ ਜਿਹੜੇ ਨੀਂ

ਤੂੰ ਵੀ ਹੁਣ ਤਾਂ ਸ਼ੱਡ ਕੇ ਤੁਰ ਗਈ
ਸੀ ਕਦੇ ਖਵਾਉਂਦੀ ਪੇੜੇ ਨੀਂ

ਲੱਖਾਂ ਮੈਨੂੰ ਰੋਗ ਲੱਗੇ
ਮੈ ਦੱਸਾਂ ਕਿਹੜੇ ਕਿਹੜੇ ਨੀਂ

ਤੂੰ ਜਖਮਾਂ ਉੱਤੇ ਲੂਣ ਪਾਵੇ
ਨਾਲ਼ੇ ਜਾਣ ਜਾਣ ਕੇ ਚੇੜੇ ਨੀ

*****

# ਧੋਖਾ ਮਿਲਿਆ

ਮਿਲਿਆ ਕਿਤੇ ਸੁਕੂਨ ਨਾਂ ਮੈਨੂੰ
ਪਿਆਰਾਂ ਦੇ ਵਿੱਚ ਧੋਖਾ ਮਿਲਿਆ

ਕਸਮਾਂ ਵਾਲੇ ਸੱਜਣਾ ਤੋ ਜੀ
ਧੋਖਾ ਖਾਸਾ ਚੋਖਾ ਮਿਲਿਆ

ਇਸ਼ਕੇ ਦੇ ਵਿੱਚ ਅੱਜ ਤੀਕਰ ਨਾ
ਮੈਨੂੰ ਕੋਈ ਸੌਖਾ ਮਿਲਿਆ

ਹਰ ਕੋਈ ਇਸ਼ਕੇ ਦਾ ਡੰਗਿਆ
ਮੇਰੇ ਤੋਂ ਵੀ ਔਖਾ ਮਿਲਿਆ

ਸਾੜਤਾ ਜਿਸਨੇ ਸਾਰਾ ਹੀ ਕੁੱਝ
ਐਸਾ ਇਸ਼ਕ ਦਾ ਝੋਖਾ ਮਿਲਿਆ

ਇਸ਼ਕ ਸਿਉਖ ਨੇ ਖਾ ਲਿਆ ਸਾਰਾ
ਮੁੰਡਾ ਖਾਲੀ ਖੋਖਾ ਮਿਲਿਆ

*****

# ਦਿਲ ਟੁੱਟ ਗਿਆ

ਦਿਲ ਮੇਰਾ ਨੀ ਟੁੱਟ ਗਿਆ ਏ
ਤੇਰੇ ਹੱਥੋਂ ਛੁੱਟ ਗਿਆ ਏ

ਤੂੰ ਕਾਹਦਾ ਨੀ ਛੱਡਿਆ ਮੇਰਾ
ਸਾਰਾ ਹੀ ਕੁੱਝ ਲੁੱਟ ਗਿਆ ਏ

ਪਿਆਰਾਂ ਪਿਊਰਾਂ ਤੋਂ ਤਾਂ ਮੇਰਾ
ਹੁਣ ਵਿਸ਼ਵਾਸ ਹੀ ਉੱਠ ਗਿਆ ਏ

ਚਾਅ ਸੁਪਨੇ ਤੇ ਰੀਝਾਂ ਮੁੰਡਾ
ਅੰਦਰੋ ਅੰਦਰੀ ਘੁੱਟ ਗਿਆ ਏ

ਤੈਥੋ ਬਾਅਦ ਨੀ ਮੌਤ ਨਾ ਹੁਣ ਤਾਂ
ਹਰ ਪਲ ਹੋ ਇੱਕ ਜੁੱਟ ਗਿਆ ਏ

ਆਪਣੇ ਹੱਥੀ ਆਪਣੀਆ ਕਬਰਾਂ
ਆਪਣੇ ਆਪ ਹੀ ਪੁੱਟ ਗਿਆ ਏ

*****

# ਦਿਲ ਜੁੜਦੇ ਨਹੀਂਉ

ਟੁੱਟੇ ਦਿਲ ਕਦੇ ਜੁੜਦੇ ਨਹੀਂਉ
ਲੰਘੇ ਸੱਜਣ ਮੁੜਦੇ ਨਹੀਂਉ

ਜਿੱਥੇ ਪਿਆਰ ਚ ਬਰਕਤ ਹੁੰਦੀ
ਉੱਥੇ ਪਿਆਰ ਜੀ ਥੁੜਦੇ ਨਹੀਂਉ

ਜਿਹਨਾ ਨੇ ਛੱਡਣਾ ਨੀ ਹੁੰਦਾ
ਕੌਲ ਉਹਨਾ ਦੇ ਰੁੜਦੇ ਨਹੀਂਉ

ਪਹਿਲਾਂ ਵਾਲੀ ਗੱਲ ਰਹੀ ਨਾ
ਰਹੇ ਵਿੱਚ ਹੁਣ ਸੁਰ ਦੇ ਨਹੀਂਉ

ਆਖਰ ਨੂੰ ਤਾਂ ਡਿੱਗਣਾ ਪੈਂਦਾ
ਉੱਚੀ ਪਿਆਰ ਚ ਉੱੜਦੇ ਨਹੀਂਉ

ਸੱਜਣ ਹੋਏ ਖੰਡ ਦੇ ਆਦੀ
ਰਹੇ ਸ਼ੁਕੀਨ ਉਹ ਗੁੜ ਦੇ ਨਹੀਂਉ

*****

# ਨਾਤੇ ਤੋੜ ਗਏ

ਸੱਜਣ ਨਾਤੇ ਤੋੜ ਗਏ
ਸਾਨੂੰ ਕੱਲਿਆ ਨੂੰ ਛੋੜ ਗਏ

ਸਾਨੂੰ ਛੱਡ ਕੇ ਰੋਦਿਆ ਨੂੰ
ਮੁੜ ਪਤਾ ਨਹੀ ਕਿਹੜੇ ਮੋੜ ਗਏ

ਆਸਾ ਵਾਲਾ ਮਹਿਲ ਸਾਡਾ
ਉਹ ਮਿੱਟੀ ਦੇ ਵਿੱਚ ਰੋਹੜ ਗਏ

ਤੋੜ ਕੇ ਕਸਮਾ ਵਾਅਦੇ ਸਾਰੇ
ਛੱਲੇ ਮੁੰਦੀਆ ਮੋੜ ਗਏ

ਸਾਨੂੰ ਮੌਤ ਦੇ ਰਾਹੇ ਪਾ ਕੇ
ਸਾਡਾ ਵੱਢ ਹੀ ਕੋਹੜ ਗਏ

ਪਹਿਲਾ ਵਾਲੀ ਗੱਲ ਰਹੀ ਨਾ
ਸੱਜਣ ਬਦਲ ਜੀ ਤੋਰ ਗਏ

*****

# ਰਾਜੇ ਰਾਣੀਆ

ਰਾਣੀਆ ਨੂੰ ਕਈ ਰਾਜੇ ਛੱਡ ਗਏ
ਰਾਜਿਆ ਨੂੰ ਕਈ ਰਾਣੀਆ

ਭੈੜੇ ਇਸ਼ਕ ਨੇ ਜੀਹਨੂੰ ਪੱਟਿਆ
ਸਭ ਦੀਆ ਏਹੋ ਕਹਾਣੀਆ

ਮੁੰਡੇ ਬੜੇ ਚਲਾਕ ਨੇ ਬਣਦੇ
ਕੁੜੀਆ ਬਣਦੀਆ ਸਿਆਣੀਆ

ਆਪਣੇ ਹੱਥੀ ਆਪਣੀਆ ਨੇ
ਉਲਝਾਈ ਫਿਰਦੇ ਤਾਣੀਆ

ਬਾਹਰੋ ਬਾਹਰੋ ਸੱਚੀਆ ਬਣਦੀਆ
ਅੰਦਰੋ ਨੇ ਸਭ ਕਾਣੀਆ

ਰਾਝੇ ਰੂਝੇ ਕਿੱਥੇ ਅੱਜਕਲ
ਨਾ ਹੀਰਾ ਪੁਰਾਣੀਆ

*****

# ਸਮਾਪਤੀ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਦਿਲ ਦੇ ਵਰਕੇ

ਦਿਲਾਂ ਤੋਂ ਦਿਲਾਂ ਤੱਕ
ਰੂਹਾਂ ਤੋਂ ਰੂਹਾਂ ਤੱਕ



MANDEEP 9853550010

**Dil de varke the poety book everything completed by mandeep.**

**All rights reserved**